ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ


ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

## ਮਾਤਾ ਰਾਜਿੰਦਰ ਕੌਰ ਮਾਂਗਟ ਦੇ ਅਕਾਲ ਚਲਾਣਾ ਤੇ ਦੁੱਖ ਦਾ ਪ੍ਰਗਟਾਵਾ



ਕੈਨੇਡਾ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ) – ਲਿਬਰਲ ਪਾਰਟੀ ਕੈਨੇਡਾ ਦੇ ਵਾਈਸ ਪ੍ਰੈਜ਼ੀਡੈਂਟ ਹਰਦਮ ਸਿੰਘ ਮਾਂਗਟ ਦੀ ਮਾਤਾ ਰਾਜਿੰਦਰ ਕੌਰ ਮਾਂਗਟ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿੰਦੇ ਹੋਏ ਅਕਾਲ ਚਲਾਣਾ ਕਰ ਗਏ ਹਨ। ਉਹ 104 ਸਾਲ ਦੇ ਸਨ। ਉਨਾਂ ਦੇ ਅਕਾਲ ਚਲਾਣੇ ਤੇ ਜਿੱਥੇ ਸੋਸ਼ਲ ਸੋਸ਼ਲ ਮੀਡੀਆ ਤੇ ਵੱਖ ਵੱਖ ਸ਼ਖਸ਼ੀਅਤਾਂ ਵੱਲੋਂ ਹਰਦਮ ਸਿੰਘ ਮਾਂਗਟ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉੱਥੇ ਹੀ ਲੋਕਾਂ ਨੇ ਅੰਤਿਮ ਸਸਕਾਰ ਵਿੱਚ ਸ਼ਾਮਿਲ ਹੋ ਕੇ ਮਾਤਾ ਰਾਜਿੰਦਰ ਕੌਰ ਮਾਂਗਟ ਨੂੰ ਅੰਤਿਮ ਵਿਦਾਈ ਦਿੱਤੀ। ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆਂ ਵੱਲੋਂ ਮਾਂਗਟ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਧਰ, ਲਿਬਰਲ ਪਾਰਟੀ ਦੇ ਨੈਸ਼ਨਲ ਵਾਈਸ ਪ੍ਰੈਜੀਡੈਂਟ ਹਰਦਮ ਸਿੰਘ ਮਾਂਗਟ ਪਰਿਵਾਰ ਵੱਲੋਂ ਦੁੱਖ ਦਾ ਪ੍ਰਗਟਾਵਾ ਕਰਨ ਵਾਲੇ ਲੋਕਾਂ ਦਾ ਧੰਨਵਾਦ ਕੀਤਾ ਗਿਆ।



## ਗੁਰਬਖ਼ਸ਼ ਸਿੰਘ ਸਹੋਤਾ ਨਮਿਤ ਅੰਤਿਮ ਅਰਦਾਸ ਵਿੱਚ ਲੋਕਾਂ ਨੇ ਦਿੱਤੀ ਸ਼ਰਧਾਂਜਲੀ

ਕੈਨੇਡਾ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਐਮਪੀ ਰੂਬੀ ਸਹੋਤਾ ਦੇ ਦਾਦਾ ਸਹੁਰਾ ਗੁਰਬਖਸ਼ ਸਿੰਘ ਸਹੋਤਾ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦੀ ਆਤਮਿਕ ਸ਼ਾਂਤੀ ਲਈ Ontario Khalsa Darbar -Hall E 57080 Dixie Rd, Mississauga, On ਵਿਖੇ ਨਮਿਤ ਭੋਗ ਅਤੇ ਅੰਤਿਮ ਅਰਦਾਸ ਹੋਈ, ਜਿਸ ਵਿੱਚ ਵੱਡੀ ਸੰਖਿਆ ਵਿੱਚ ਲੋਕਾਂ ਨੇ ਪਹੁੰਚ ਕੇ ਗੁਰਬਖਸ਼ ਸਿੰਘ ਸਹੋਤਾ ਜੀ ਨੂੰ ਅੰਤਿਮ ਸ਼ਰਧਾਂਜਲੀ ਭੇਂਟ ਕੀਤੀ। ਉਧਰ, ਕਈ ਨਾਮਵਰ ਸ਼ਖਸ਼ੀਅਤਾਂ ਵੱਲੋਂ ਐਮਪੀ ਰੂਬੀ ਸਹੋਤਾ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। 'ਵਿਸ਼ਵ ਪੰਜਾਬੀ ਸਭਾ ਕੈਨੇਡਾ' ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਅਤੇ ਪੂਰੀ ਟੀਮ ਵੱਲੋਂ ਦੁੱਖ ਦੀ ਇਸ ਘੜੀ ਵਿੱਚ ਸਹੋਤਾ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਗਈ ਹੈ




## ਜੋਗਿੰਦਰ ਸਿੰਘ ਰਾਏ ਨਮਿਤ ਭੋਗ ਅਤੇ ਅੰਤਿਮ ਅਰਦਾਸ



ਕੈਨੇਡਾ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ) – ਏਕਮ ਮੀਡੀਆ ਗਰੁੱਪ ਦੇ ਅਮਰਜੀਤ ਸਿੰਘ ਰਾਏ ਦੇ ਪਿਤਾ ਸਰਦਾਰ ਜੋਗਿੰਦਰ ਸਿੰਘ ਨਮਿੱਤ ਭੋਗ ਅਤੇ ਅੰਤਿਮ ਅਰਦਾਸ Sri Guru Singh Sabha Malton-Main hall GBH@ Airport Rd, Mississauga OnLDT 283 ਵਿਖੇ ਹੋਈ। ਇਸ ਦੌਰਾਨ ਵੱਡੀ ਸੰਖਿਆ ਵਿੱਚ ਲੋਕਾਂ ਨੇ ਪਹੁੰਚ ਕੇ ਜਿੱਥੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ, ਉੱਥੇ ਹੀ ਸਰਦਾਰ ਜੋਗਿੰਦਰ ਸਿੰਘ ਰਾਏ ਨੂੰ ਸ਼ਰਧਾ ਦੇ ਫੁੱਲ ਵੀ ਭੇਂਟ ਕੀਤੇ। ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਵੀ ਦੁਖੀ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।
ਉਧਰ, ਏਕਮ ਮੀਡੀਆ ਗਰੁੱਪ ਦੇ ਅਮਰਜੀਤ ਸਿੰਘ ਰਾਏ ਵੱਲੋਂ ਦੁੱਖ ਦੀ ਇਸ ਘੜੀ ਵਿੱਚ ਲੋਕਾਂ ਵੱਲੋਂ ਪ੍ਰਗਟ ਕੀਤੀ ਗਈ ਹਮਦਰਦੀ ਅਤੇ ਦਿਆਲਤਾ ਲਈ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।










# ਪੰਜਾਬੀ ਸੱਭਿਆਚਾਰ ਮੰਚ ਨੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਮਨਾਇਆ




ਬਰੈਂਪਟਨ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਭਾਰਤ ਦੀ ਅਜਾਦੀ ਦੇ ਸਿਰਮੌਰ ਨਾਇਕ ਪਰਮਗੁਣੀ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਪੰਜਾਬੀ ਸੱਭਿਆਚਾਰ ਮੰਚ ਵੱਲੋਂ ਬੜੇ ਸਤਿਕਾਰ ਅਤੇ ਸ਼ਰਧਾ ਪੂਰਵਕ ਤੌਰ ਤੇ ਕੈਸੀ ਕੈਂਪਬਲ ਸੀਨੀਅਰਜ਼ ਕਲੱਬ ਦੇ ਸਹਿਯੋਗ ਨਾਲ ਮਨਾਇਆ ਗਿਆ । ਕੈਸੀਕੈਂਪਬਲ ਕਮਿਉਨਿਟੀ ਸੈਂਟਰ ਵਿਖੇ ਪੰਜਾਬੀ ਸੱਭਿਆਚਾਰ ਦੇ ਸੱਦੇ ਤੇ ਪਬਲਿਕ ਗਿਆਰਾਂ ਵਜੇ ਇਕੱਤਰ ਹੋ ਗਈ ਚਾਹ ਪਾਣੀ ਤੋਂ ਬਾਅਦ ਸਟੇਜ ਸੈਕਟਰੀ ਹਰਚੰਦ ਸਿੰਘ ਬਾਸੀ ਨੇ ਪ੍ਰਧਾਨਗੀ ਮੰਡਲ ਵਿੱਚ ਸਨਮਾਨ ਯੋਗ ਸਖਸ਼ੀਅਤਾਂ ਬਲਦੇਵ ਸਿੰਘ ਪਰਧਾਨ ਪੰਜਾਬੀ ਸੱਭਿਆਚਾਰ ਮੰਚ, ਸ਼ਹੀਦ ਭਗਤ ਸਿੰਘ ਦੇ ਪ੍ਰੀਵਾਰ ਤੋਂ ਅੰਮਿਰਤ ਢਿਲੋਂ, ਕਾਮਰੇਡ ਸੁਖਦੇਵ ਸਿੰਘ ਸਕੱਤਰ, ਸੁਭਾਸ਼ ਚੰਦਰ ਖੁਰਮੀ ਪ੍ਰਧਾਨ ਕੈਸੀ ਕੈਂਪਬਲ ਸੀਨੀਅਰਜ਼ ਕਲੱਬ, ਜਰਨੈਲ ਸਿੰਘ ਪ੍ਰਿੰਸੀਪਲ, ਬਲਕਾਰ ਸਿੰਘ ਵਲਟੋਹਾ ਬੀਬੀ ਨਵਜੀਤ ਕੌਰ ਰਿਜਨਲ ਕੌਂਸਲਰ ਨੂੰ ਪ੍ਰਧਾਨਗੀ ਕਰਨ ਲਈ ਮੰਚ ਤੇ ਸੁਸ਼ੋਬਤ ਹੋਣ ਲਈ ਬੇਨਤੀ ਕੀਤੀ। ਇਸ ਤੋਂ ਬਾਅਦ ਵਿਛੜ ਗਈਆਂ ਮਹਾਨ ਸਖਸ਼ੀਅਤਾ ਸੀਤਾ ਰਾਮ ਯੇਚਰੀ ਸਕੱਤਰ ਸੀ ਪੀ ਐਮ, ਅਤੁਲ ਅੰਜਾਨ ਸੀ ਪੀ ਆਈ ਆਗੂ, ਅਤੇ ਰਣਬੀਰ ਸਿੰਘ ਢਿਲੋਂ ਪੰਜਾਬ ਸੁਬਾਰਡੀ ਨੇਟ ਸਰਵਿਸਜ ਫੈਡਰੇਸ਼ ਦੇ ਮਹਾਨ ਅਗੂ ਨੂੰ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ । ਮੰਚ ਦੇ ਸਕੱਤਰ ਸੁਖਦੇਵ ਸਿੰਘ ਸਿੰਘ ਨੇ ਸੱਭ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਭਗਤ ਸਿੰਘ ਬਾਰੇ ਆਪਣੇ ਵਿਚਾਰ ਰੱਖੇ। ਭਗਤ ਸਿੰਘ ਦੇ ਪ੍ਰੀਵਾਰ ਤੋਂ ਅੰਮ੍ਰਿਤ ਢਿਲੋਂ ਨੇ ਭਗਤ ਸਿੰਘ ਦੀਆਂ ਪ੍ਰੀਵਾਰਕ ਯਾਦਾਂ ਅਤੇ ਉਸ ਦੇ ਪ੍ਰੀਵਾਰ ਲਈ ਭਗਤ ਸਿੰਘ ਦੇ ਸੁਨੇਹੇ ਅਤੇ ਇਨਕਲਾਬੀ ਵਿਚਾਰ ਭਾਵ ਪੂਰਤ ਢੰਗ ਨਾਲ ਰੱਖੇ । ਪ੍ਰਿੰਸੀਪਲ ਜਰਨੈਲ ਸਿੰਘ ,ਪ੍ਰੋ ਨਿਰਮਲ ਸਿੰਘ ਧਾਰਨੀ, ਮਹਿੰਦਰ ਸਿੰਘ ਮੋਹੀ, ਬਲਕਾਰ ਸਿੰਘ ਵਲਟੋਹਾ ਨੇ ਭਗਤ ਸਿੰਘ ਦੇ ਆਦਰਸ਼ਾਂ ਅਤੇ ਅਜਾਦੀ ਤੋਂ ਬਾਅਦ ਸਤਾ ਆਮ ਲੋਕਾਂ ਦੇ ਹੱਥ ਹੋਵੇ । ਦਬੇ ਕੁਚਲੇ ਲੋਕਾਂ ਦੇ ਹੱਕ ਬਰਾਬਰ ਹੋਣ ਉਹਨਾਂ ਦੀ ਮਾਲੀ ਹਾਲਤ ਸੁਧਾਰੀ ਜਾਏ। ਬਾਰੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ । ਬਲਦੇਵ ਸਿੰਘ ਸਹਿਦੇਵ ਨੇ ਵਿਸਥਾਰ ਵਿੱਚ ਭਗਤ ਸਿੰਘ ਦੀ ਜੀਵਨੀ , ਆਦਰਸ਼ ਅਤੇ ਅਜੋਕੇ ਸਮੇਂ ਹਕੂਮਤ ਵੱਲੋਂ ਆਮ ਲੋਕਾਂ ਦੀ ਕੀਤੀ ਜਾ ਰਹੀ ਦੁਰਦਸ਼ਾ ਦਾ ਵਰਨਣ ਕੀਤਾ । ਲੋਕਾਂ ਨੂੰ ਭਗਤ ਸਿੰਘ ਦੇ ਵਿਚਾਰਾਂ ਨੂੰ ਅਪਣਾ ਕੇ ਸਮਾਜਕ ਅਤੇ ਰਾਜਨੀਤਕ ਤੌਰ ਤੇ ਸੁਚੇਤ ਹੋ ਕੇ ਆਪਣੇ ਹੱਕਾਂ ਦੀ ਰਾਖੀ ਦਾ ਕਰਨ ਲਈ ਸਰਗਰਮ ਹੋਣ ਦਾ ਸੱਦਾ ਦਿਤਾ।

# ਪੁਲਿਸ ਨੇ ਟੋਰਾਂਟੋ ਦੇ ਪੂਰਵੀ ਈਂਡ 'ਤੇ 17 ਚੋਰੀ ਦੇ ਵਾਹਨ ਕੀਤੇ ਬਰਾਮਦ, ਚਾਰ ਗ੍ਰਿਫ਼ਤਾਰ




ਟੋਰਾਂਟੋ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਪੁਲਿਸ ਦਾ ਕਹਿਣਾ ਹੈ ਕਿ ਟੋਰਾਂਟੋ ਦੇ ਪੂਰਵੀ ਈਂਡ 'ਤੇ ਆਟੋ ਚੋਰੀ ਅਤੇ ਫਾਇਰਆਰਮਜ਼ ਜਾਂਚ ਦੇ ਸਿਲਸਿਲੇ ਵਿੱਚ 17 ਚੋਰੀ ਦੇ ਵਾਹਨ ਬਰਾਮਦ ਕੀਤੇ ਗਏ ਹਨ ਅਤੇ ਚਾਰ ਲੋਕ ਹਿਰਾਸਤ ਵਿੱਚ ਲਏ ਹਨ।

ਮੰਗਲਵਾਰ ਨੂੰ ਪੁਲਿਸ ਨੇ ਦੱਸਿਆ ਕਿ ਅਧਿਕਾਰੀਆਂ ਨੇ ਜੁਲਾਈ 2024 ਵਿੱਚ ਨੀਲਸਨ ਅਤੇ ਏਲੇਸਮੇਰੇ ਰੋਡ ਇਲਾਕੇ ਵਿੱਚ ਕਈ ਚੋਰੀ ਦੇ ਵਾਹਨ ਬਰਾਮਦ ਕੀਤੇ।

ਪੁਲਿਸ ਨੇ ਦੱਸਿਆ ਕਿ 43 ਡਿਵੀਜ਼ਨ ਦੇ ਜਾਂਚਕਰਤਾਵਾਂ ਨੇ ਬਰਾਮਦ ਵਾਹਨਾਂ ਦੀ ਜਾਂਚ ਕਰਨ ਲਈ ਆਰਗੇਨਾਈਜ਼ਡ ਕ੍ਰਾਈਮ ਇਨਵੇਸਟੀਗੇਟ ਸਪੋਰਟ ਯੂਨਿਟ (OCIS) ਨੂੰ ਸੂਚਿਤ ਕੀਤਾ। ਸੰਯੁਕਤ ਇਕਾਈਆਂ ਨੇ ਚੋਰੀ ਦੇ ਵਾਹਨ ਆਪਰਾਧਿਕ ਆਪਰੇਸ਼ਨ ਨੂੰ ਸੰਚਾਲਿਤ ਕਰਨ ਲਈ ਜਿ ?ਮੇਦਾਰ ਲੋਕਾਂ ਦੇ ਇੱਕ ਸਮੂਹ ਨਾਲ ਸਬੰਧਤ ਮਹੱਤਵਪੂਰਣ ਸਬੂਤ ਇਕੱਠੇ ਕੀਤੇ। ਪੁਲਿਸ ਦਾ ਦੋਸ਼ ਹੈ ਕਿ ਜੁਲਾਈ ਅਤੇ ਸਤੰਬਰ ਦੇ ਵਿਚਕਾਰ ਅਧਿਕਾਰੀਆਂ ਨੇ 17 ਚੋਰੀ ਹੋਏ ਵਾਹਨ ਬਰਾਮਦ ਕੀਤੇ ਜੋਕਿ ਲਿਜਾਏ ਜਾਣ ਤੋਂ ਬਾਅਦ ਜਾਂਚ ਲਈ ਇਲਾਕੇ ਵਿੱਚ ਛੱਡ ਦਿੱਤੇ ਗਏ।

ਪਿਛਲੇ ਮਹੀਨੇ ਦੇ ਅੰਤ ਵਿੱਚ ਟੋਰਾਂਟੋ ਦੇ ਦੋ ਘਰਾਂ ਦੇ ਸਰਚ ਵਾਰੰਟ ਜਾਰੀ ਕੀਤੇ ਗਏ ਅਤੇ ਪੁਲਿਸ ਦਾ ਕਹਿਣਾ ਹੈ ਕਿ ਅਧਿਕਾਰੀਆਂ ਨੇ ਇੱਕ ਗਲਾਕ ਬੰਦੂਕ, ਦੋ ਅਖਬਾਰਾਂ, ਕੀ-ਫਾਬ ਅਤੇ ਕਾਰ ਦੀ ਕੀ-ਪ੍ਰੋਗਰਾਮਰ ਅਤੇ 27 ਹਜ਼ਾਰ ਕੈਨੇਡੀਅਨ ਡਾਲਰ ਜ਼ਬਤ ਕੀਤੇ। ਪੁਲਿਸ ਦਾ ਕਹਿਣਾ ਹੈ ਕਿ ਤਿੰਨ ਸ਼ੱਕੀਆਂ 'ਤੇ ਦਰਜਨਾਂ ਚਾਰਜਿਜ਼ ਹਨ, ਜਿਨ੍ਹਾਂ ਵਿੱਚ ਮੋਟਰ ਵਾਹਨ ਦੀ ਚੋਰੀ, ਅਪਰਾਧ ਨਾਲ ਪ੍ਰਾਪਤ ਜਾਇਦਾਦ ਦਾ ਕਬਜ਼ਾ ਅਤੇ ਅਪਰਾਧ ਦੀ ਕਮਾਈ ਸ਼ਾਮਿਲ ਹੈ। ਪੁਲਿਸ ਨੇ ਕਿਹਾ ਕਿ ਇੱਕ ਹੋਰ ਸ਼ੱਕੀ ਤੇ ਫਾਇਰਆਰਮਜ਼ ਸਬੰਧੀ ਚਾਰਜਿਜ਼ ਹਨ।




## ਲੱਤ ਬਾਂਹ ਨਵੀਂ ਲਗਾਉ ਫ੍ਰੀ

**ਜੇ ਕਿਸੇ ਵੀਰ ਦੀ ਲੱਤ ਜਾਂ ਬਾਂਹ ਕੱਟੀ ਹੋਵੇ ਜੇ ਕਿਸੇ ਵੀਰ ਨੇ ਲੱਤ ਜਾਂ ਬਾਂਹ ਨਵੀਂ ਲਗਵਾਉਣੀ ਹੋਵੇ ਤਾਂ 14 ਨਵੰਬਰ ਨੂੰ ਚੰਡੀਗੜ੍ਹ ਵਿਖੇ ਕੈਪ ਲੱਗੇਗਾ, ਜਿਸ ਵਿੱਚ ਅਮਰੀਕਾ ਤੋਂ ਡਾਕਟਰ ਆਉਣਗੇ , ਫ੍ਰੀ ਇਲਾਜ਼ ਹੋਵੇਗਾ। ਲੱਤ ਬਾਂਹ ਕੰਮ ਵੀ ਕਰੇਗੀ। ਆਉਣ ਜਾਣ ਦਾ ਵੀ ਕੋਈ ਕਿਰਾਇਆ ਨਹੀਂ ਲੱਗੇਗਾ**

**ਸੰਪਰਕ : 89291-78851, 87279- 73060, 6239-24719**

**ਇਸ ਪੋਸਟ ਨੂੰ ਵੱਧ ਤੋਂ ਵੱਧ ਸ਼ੇਅਰ ਕਰੋ ਤਾਂ ਜੋ ਕਿਸੇ ਦਾ ਭਲਾ ਹੋ ਸਕੇ।**









# ਲਗਾਤਾਰ ਤੀਸਰੀ ਵਾਰ ਜਤਾਉਣ ਤੇ ਮੋਦੀ ਨੇ ਹਰਿਆਣਾ ਵਾਸੀਆਂ ਦਾ ਕੀਤਾ ਧੰਨਵਾਦ

## -ਹਰਿਆਣਾ ਵਿੱਚ ਬੀਜੇਪੀ ਨੇ ਸਪੱਸ਼ਟ ਬਹੁਮਤ ਨਾਲ ਲਗਾਤਾਰ ਦਰਜ ਕੀਤੀ ਤੀਸਰੀ ਜਿੱਤ



ਨਵੀਂ ਦਿੱਲੀ : (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਹਰਿਆਣਾ ਵਿੱਚ ਭਾਜਪਾ ਦੀ ਸ਼ਾਨਦਾਰ ਜਿੱਤ ਅਤੇ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਦਾ ਜਨਾਦੇਸ਼ ਮਿਲਣ ਤੋਂ ਬਾਅਦ ਪੀਐਮ ਮੋਦੀ ਨੇ ਹਰਿਆਣਾ ਦੇ ਲੋਕਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਹਰਿਆਣਾ ਦੀ ਲੋਕ ਸ਼ਕਤੀ ਨੂੰ ਸਲਾਮ ਕਰਦੇ ਹਨ। ਨਾਲ ਹੀ, ਜੰਮੂ-ਕਸ਼ਮੀਰ ਦੇ ਨਤੀਜਿਆਂ ਬਾਰੇ ਪੀਐਮ ਮੋਦੀ ਨੇ ਕਿਹਾ ਕਿ ਉਨ੍ਹਾਂ ਨੂੰ ਭਾਜਪਾ ਦੇ ਪ੍ਰਦਰਸ਼ਨ 'ਤੇ ਮਾਣ ਹੈ। ਚੋਣ ਨਤੀਜੇ ਸਪੱਸ਼ਟ ਹੋਣ ਤੋਂ ਬਾਅਦ, ਪੀਐਮ ਮੋਦੀ ਨੇ ਮੰਗਲਵਾਰ ਸ਼ਾਮ ਨੂੰ ਟਵਿੱਟਰ 'ਤੇ ਲਿਖਿਆ, 'ਹਰਿਆਣਾ ਦਾ ਤਹਿ ਦਿਲੋਂ ਧੰਨਵਾਦ! ਭਾਰਤੀ ਜਨਤਾ ਪਾਰਟੀ ਨੂੰ ਇਕ ਵਾਰ ਫਿਰ ਸਪੱਸ਼ਟ ਬਹੁਮਤ ਦੇਣ ਲਈ ਮੈਂ ਹਰਿਆਣਾ ਦੇ ਲੋਕਾਂ ਨੂੰ ਸਲਾਮ ਕਰਦਾ ਹਾਂ। ਇਹ ਵਿਕਾਸ ਅਤੇ ਸੁਸ਼ਾਸਨ ਦੀ ਰਾਜਨੀਤੀ ਦੀ ਜਿੱਤ ਹੈ। ਮੈਂ ਇੱਥੋਂ ਦੇ ਲੋਕਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਉਨ੍ਹਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗੇ।'ਹਰਿਆਣਾ 'ਚ ਇਤਿਹਾਸਕ ਜਿੱਤ'ਉਨ੍ਹਾਂ ਲਿਖਿਆ, 'ਮੇਰੇ ਸਾਰੇ ਵਰਕਰ ਸਾਥੀਆਂ ਨੂੰ ਮੇਰੀ ਸਭ ਤੋਂ ਵੱਡੀ ਵਧਾਈ ਜਿਨ੍ਹਾਂ ਨੇ ਇਸ ਮਹਾਨ ਜਿੱਤ ਲਈ ਅਣਥੱਕ ਅਤੇ ਪੂਰੀ ਲਗਨ ਨਾਲ ਕੰਮ ਕੀਤਾ। ਤੁਸੀਂ ਨਾ ਸਿਰਫ ਸੂਬੇ ਦੇ ਲੋਕਾਂ ਦੀ ਚੰਗੀ ਸੇਵਾ ਕੀਤੀ ਹੈ, ਸਗੋਂ ਸਾਡੇ ਵਿਕਾਸ ਦੇ ਏਜੰਡੇ ਨੂੰ ਵੀ ਉਨ੍ਹਾਂ ਤੱਕ ਪਹੁੰਚਾਇਆ ਹੈ। ਇਸੇ ਦਾ ਨਤੀਜਾ ਹੈ ਕਿ ਭਾਜਪਾ ਨੇ ਹਰਿਆਣਾ ਵਿੱਚ ਇਹ ਇਤਿਹਾਸਕ ਜਿੱਤ ਹਾਸਲ ਕੀਤੀ ਹੈ। ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਬਾਰੇ ਪੀਐਮ ਮੋਦੀ ਨੇ ਕਿਹਾ, 'ਜੰਮੂ-ਕਸ਼ਮੀਰ ਵਿੱਚ ਇਹ ਚੋਣਾਂ ਬਹੁਤ ਖਾਸ ਰਹੀਆਂ ਹਨ। ਧਾਰਾ 370 ਅਤੇ 35 (ਏ) ਨੂੰ ਹਟਾਏ ਜਾਣ ਤੋਂ ਬਾਅਦ ਪਹਿਲੀ ਵਾਰ ਇਨ੍ਹਾਂ ਚੋਣਾਂ ਵਿੱਚ ਭਾਰੀ ਮਤਦਾਨ ਹੋਇਆ, ਜੋ ਲੋਕਤੰਤਰ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਮੈਂ ਇਸ ਦੇ ਲਈ ਜੰਮੂ-ਕਸ਼ਮੀਰ ਦੇ ਹਰ ਵਿਅਕਤੀ ਨੂੰ ਵਧਾਈ ਦਿੰਦਾ ਹਾਂ।

### 'ਭਾਜਪਾ ਦੀ ਕਾਰਗੁਜ਼ਾਰੀ 'ਤੇ ਮਾਣ'

ਉਨ੍ਹਾਂ ਕਿਹਾ, 'ਮੈਨੂੰ ਜੰਮੂ-ਕਸ਼ਮੀਰ 'ਚ ਭਾਜਪਾ ਦੇ ਪ੍ਰਦਰਸ਼ਨ 'ਤੇ ਮਾਣ ਹੈ। ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਾਡੀ ਪਾਰਟੀ ਨੂੰ ਵੋਟ ਦਿੱਤੀ ਅਤੇ ਸਾਡੇ 'ਤੇ ਭਰੋਸਾ ਜਤਾਇਆ। ਮੈਂ ਲੋਕਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਜੰਮੂ-ਕਸ਼ਮੀਰ ਦੀ ਭਲਾਈ ਲਈ ਕੰਮ ਕਰਦੇ ਰਹਾਂਗੇ। ਮੈਂ ਸਾਡੇ ਵਰਕਰਾਂ ਦੇ ਅਣਥੱਕ ਯਤਨਾਂ ਦੀ ਵੀ ਸ਼ਲਾਘਾ ਕਰਦਾ ਹਾਂ-

# ਚੋਣ ਕਮਿਸ਼ਨ ਵੱਲੋਂ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਸਫਲ ਚੋਣਾਂ ਲਈ ਵਧਾਈ



ਨਵੀਂ ਦਿੱਲੀ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਭਾਰਤ ਦੇ ਚੋਣ ਕਮਿਸ਼ਨ ਨੇ ਅੱਜ ਜੰਮੂ ਅਤੇ ਕਸ਼ਮੀਰ ਦੇ ਲੋਕਾਂ ਨੂੰ ਹਾਲ ਹੀ ਦੀਆਂ ਵਿਧਾਨ ਸਭਾ ਚੋਣਾਂ ਦੇ ਸਫਲਤਾਪੂਰਵਕ ਮੁਕੰਮਲ ਹੋਣ 'ਤੇ ਵਧਾਈ ਦਿੱਤੀ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਸ਼ਾਂਤੀਪੂਰਨ ਚੋਣ ਪ੍ਰਕਿਰਿਆ ਨੂੰ ਲੋਕਤੰਤਰ ਦੀ ਜਿੱਤ ਕਰਾਰ ਦਿੱਤਾ। ਚੋਣ ਕਮਿਸ਼ਨਨੇ ਕਿਹਾ ਕਿ ਸੂਬਾ ਵਾਸੀਆਂ ਨੇ 'ਆਪਣੀਆਂ ਵੋਟਾਂ ਰਾਹੀਂ ਨਾ ਸਿਰਫ਼ ਜਮਹੂਰੀਅਤ ਦੀਆਂ ਨੀਹਾਂ ਨੂੰ ਮਜ਼ਬੂਤ ? ?ਕੀਤਾ ਹੈ ਸਗੋਂ ਇਸ ਖੇਤਰ ਲਈ ਤਰੱਕੀ ਦਾ ਰਾਹ ਵੀ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪੋਲਿੰਗ ਦੇ ਆਖਰੀ ਦੋ ਪੜਾਵਾਂ ਵਿੱਚ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਉਨ੍ਹਾਂ ਇਸ ਮਤਦਾਨ ਨੂੰ ਆਪਣੇ ਆਪ ਵਿੱਚ ਇੱਕ ਇਤਿਹਾਸਕ ਪ੍ਰਾਪਤੀ ਦੱਸਿਆ। ਜ਼ਿਕਰਯੋਗ ਹੈ ਕਿ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਗਠਜੋੜ ਨੇ ਵਿਧਾਨ ਸਭਾ ਚੋਣਾਂ ਦੀਆਂ 90 ਵਿੱਚੋਂ 49 ਸੀਟਾਂ ਹਾਸਲ ਕੀਤੀਆਂ ਹਨ। ਇਨ੍ਹਾਂ ਵਿੱਚੋਂ 42 ਸੀਟਾਂ ਨੈਸ਼ਨਲ ਕਾਨਫਰੰਸ, 6 ਕਾਂਗਰਸ ਅਤੇ ਇਕ ਸੀਟ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਜਿੱਤੀ ਹੈ। ਜੰਮੂ ਕਸ਼ਮੀਰ ਵਿਚ ਇੱਕ ਦਹਾਕੇ ਦੇ ਲੰਬੇ ਵਕਫ਼ੇ ਤੋਂ ਬਾਅਦ ਚੋਣਾਂ ਹੋਈਆਂ ਹਨ। ਇਹ ਚੋਣਾਂ ਤਿੰਨ ਪੜਾਵਾਂ 18 ਸਤੰਬਰ, 25 ਸਤੰਬਰ ਅਤੇ 1 ਅਕਤੂਬਰ ਨੂੰ ਮੁਕੰਮਲ ਹੋਈਆਂ। ਸੂਬੇ ਵਿਚ ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਬਾਅਦ ਇਹ ਪਹਿਲੀ ਵਿਧਾਨ ਸਭਾ ਚੋਣ ਸੀ। ਜੰਮੂ ਤੇ ਕਸ਼ਮੀਰ ਵਿਚ ਇਸ ਵਾਰ ਉਮਰ ਅਬਦੁੱਲਾ ਨੂੰ ਮੁੱਖ ਮੰਤਰੀ ਬਣਾਏ ਜਾਣ ਦੇ ਚਰਚੇ ਹਨ।

# ਯੂਨੀਵਰਸਿਟੀ ਕਾਲਜ ਦੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਾਨਦਾਰ



ਜਲੰਧਰ: (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਯੂਨੀਵਰਸਿਟੀ ਕਾਲਜ ਲਾਡੋਵਾਲੀ ਰੋਡ ਨੇ ਬੀਤੇ ਦਿਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕਰਵਾਏ ਸਰਕਾਰੀ ਅਤੇ ਕਾਂਸਟੀਚੂਐਂਟ ਕਾਲਜਾਂ ਦੇ ਯੂਥ ਮੁਕਾਬਲਿਆਂ ਦੌਰਾਨ ਓਵਰਆਲ ਸੈਕਿੰਡ ਰਨਰਜ਼ਅਪ ਟਰਾਫੀ ਜਿੱਤੀ ਹੈ। ਕਾਲਜ ਦੇ ਓਐੱਸਡੀ ਡਾ. ਕਮਲੇਸ਼ ਸਿੰਘ ਦੁੱਗਲ ਨੇ ਦੱਸਿਆ ਕਿ ਕਾਲਜ ਦੇ ਵਿਦਿਆਰਥੀਆਂ ਵੱਲੋਂ ਮੌਕੇ 'ਤੇ ਪੇਂਟਿੰਗ, ਪੋਸਟਰ ਬਣਾਉਣਾ, ਕਾਰਟੂਨਿੰਗ, ਕਲਾਸੀਕਲ ਵੋਕਲ ਸੋਲੋ, ਇੰਸਟਾਲੇਸ਼ਨ, ਭਾਸ਼ਣ, ਪੋਸ਼ਾਕ ਪਰੇਡ, ਸਕਿੱਟ, ਰੰਗੋਲੀ, ਮਹਿੰਦੀ, ਬਹਿਸ ਅਤੇ ਗਿੱਧਾ ਸਣੇ ਕੁੱਲ ਬਾਰਾਂ ਆਈਟਮਾਂ ਵਿਚ ਹਿੱਸਾ ਲਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਕਾਲਜ ਦੇ ਵਿਦਿਆਰਥੀਆਂ ਨੇ ਆਨ ਦਿ ਸਪਾਟ ਪੇਂਟਿੰਗ ਵਿੱਚ ਪਹਿਲਾ, ਕਲਾਸੀਕਲ ਵੋਕਲ, ਰੰਗੋਲੀ, ਸਕਿੱਟ, ਗਿੱਧਾ, ਡਿਬੇਟ ਵਿੱਚ ਦੂਜਾ ਇਨਾਮ ਅਤੇ ਕਾਸਟਿਊਮ ਪਰੇਡ ਵਿੱਚ ਤੀਜਾ ਇਨਾਮ ਹਾਸਲ ਕੀਤਾ ਹੈ। ਇਸ ਮੌਕੇ ਡਾ. ਦੁੱਗਲ ਨੇ ਜੇਤੂ ਵਿਦਿਆਰਥੀਆਂ ਤੇ ਉਨ੍ਹਾਂ ਅਧਿਆਪਕਾਂ ਨੂੰ ਵਧਾਈ ਦਿੱਤੀ।

# ਜੰਮੂ-ਕਸ਼ਮੀਰ ਨੂੰ ਰਾਜ ਦਾ ਦਰਜਾ ਬਹਾਲ ਕਰਨ ਪ੍ਰਧਾਨ ਮੰਤਰੀ: ਉਮਰ ਅਬਦੁੱਲਾ



ਸ੍ਰੀਨਗਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਨੈਸ਼ਨਲ ਕਾਨਫਰੰਸ ਆਗੂ ਉਮਰ ਅਬਦੁੱਲਾ ਨੇ ਅੱਜ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੰਮੂ ਨੂੰ ਰਾਜ ਦਾ ਦਰਜਾ ਬਹਾਲ ਕਰਕੇ 'ਸਨਮਾਨਯੋਗ ਕੰਮ' ਕਰਨਗੇ। ਉਨ੍ਹਾਂ ਕਿਹਾ ਕਿ ਕੇਂਦਰ ਸ਼ਾਸਤ ਪ੍ਰਦੇਸ਼ ਵਜੋਂ ਬਹੁਤ ਸਾਰੀਆਂ ਚੀਜ਼ਾਂ ਕੀਤੀਆਂ ਜਾ ਸਕਦੀਆਂ ਹਨ ਤੇ ਸਪੱਸ਼ਟ ਤੌਰ 'ਤੇ ਕੁਝ ਚੀਜ਼ਾਂ ਨਹੀਂ ਹੋ ਸਕਦੀਆਂ ਪਰ ਉਹ ਉਮੀਦ ਕਰਦੇ ਹਨ ਕਿ ਜੰਮੂ-ਕਸ਼ਮੀਰ ਹਮੇਸ਼ਾ ਲਈ ਕੇਂਦਰ ਸ਼ਾਸਤ ਪ੍ਰਦੇਸ਼ ਨਹੀਂ ਰਹੇਗਾ। ਉਹ ਉਮੀਦ ਕਰਦੇ ਹਨ ਕਿ ਪ੍ਰਧਾਨ ਮੰਤਰੀ ਸਨਮਾਨਜਨਕ ਕੰਮ ਕਰਨਗੇ ਅਤੇ ਜਲਦੀ ਤੋਂ ਜਲਦੀ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨਗੇ, ਇਸ ਤੋਂ ਬਾਅਦ ਉਨ੍ਹਾਂ ਦਾ ਚੋਣ ਮੈਨੀਫੈਸਟੋ ਪੂਰੀ ਤਰ੍ਹਾਂ ਨਾਲ ਲਾਗੂ ਕੀਤਾ ਜਾਵੇਗਾ। ਉਨ੍ਹਾਂ ਉਮੀਦ ਜਤਾਈ ਕਿ ਪ੍ਰਧਾਨ ਮੰਤਰੀ ਯੂਟੀ ਦੇ ਲੋਕਾਂ ਨੂੰ ਰਾਜ ਦਾ ਦਰਜਾ ਬਹਾਲ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰਨਗੇ।

ਸ੍ਰੀ ਉਮਰ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਜਲਦੀ ਤੋਂ ਜਲਦੀ ਹੋਣਾ ਚਾਹੀਦਾ ਹੈ।












# ਸਾਹਿਤਕ ਸਰਗਰਮੀਆਂ

## ਵਰਤਮਾਨ ਹਾਲਾਤਾਂ ਦੀ ਸਿੱਖਿਆ ਦਾਇਰ

ਭਾਰਤ-ਪਾਕਿਸਤਾਨ ਸਰਹੱਦ ਪੰਜਾਬ ਦੇ ਇਕ ਪਿੰਡ ਦਾ ਜ਼ਿਮੀਦਾਰ ਰਾਜ ਸਿੰਘ। ਤਿੰਨ ਕਮਰਿਆਂ ਵਾਲਾ ਛੋਟਾ ਜਿਹਾ ਪੇਂਡੂ ਘਰ। ਪੰਜ ਕੂ ਏਕੜ ਜ਼ਮੀਨ ਦਾ ਮਾਲਿਕ। ਗੁਜ਼ਾਰੇ ਜੋਗਾ ਰੋਟੀ-ਟੁੱਕ ਚੱਲੀ ਜਾਂਦਾ। ਮਰ ਕੇ ਦਸ ਜਮਾਤਾਂ ਪਾਸ। ਮਿਹਨਤੀ ਕਿਸਾਨ। ਜੀ-ਜਾਨ ਮਾਰ ਕੇ ਜ਼ਮੀਨ ਨਾਲ ਘੁਲਣ ਵਾਲਾ। ਰਾਜ ਸਿੰਘ ਦੇ ਦੋ ਲੜਕੇ ਹਨ। ਵੱਡਾ ਰਾਜਿੰਦਰ ਸਿੰਘ ਜਿਸ ਨੇ ਇਸ ਸਾਲ ਹੀ ਬੀ.ਐਸ.ਸੀ. ਕੀਤੀ ਹੈ ਦੂਸਰੇ ਦਰਜ਼ੇ ਵਿਚ ਅਤੇ ਉਸ ਦਾ ਛੋਟਾ ਲੜਕਾ ਕਮਲ ਸਿੰਘ ਜੋ ਕਾਲਿਜ ਦੇ ਪਹਿਲੇ ਸਾਲ ਵਿਚ ਪੜ੍ਹਾਈ ਕਰ ਰਿਹਾ ਹੈ। ਰਾਜ ਸਿੰਘ ਦਾ ਵੱਡਾ ਲੜਕਾ ਰਾਜਿੰਦਰ ਸਿੰਘ ਵਿਦੇਸ਼ ਜਾਣ ਲਈ ਜ਼ਿੱਦ ਕਰਨ ਲੱਗਾ। ਉਹ ਆਪਣੇ ਬਾਪ ਨੂੰ ਬਾਰ-ਬਾਰ ਤਾਅਨੇ-ਮਿਅਨੇ ਦਿੰਦਾ ਕਿ ਮੇਰੇ ਨਾਲ ਦੇ ਸਾਰੇ ਲੜਕੇ ਬਾਹਰ ਚਲੇ ਗਏ ਹਨ, ਮੈਂ ਵੀ ਬਾਹਰ ਜਾਣਾ ਹੈ। ਇੱਥੇ ਕੀ ਹੈ? ਨਾ ਕੋਈ ਕੰਮ ਨਾ ਕਾਰ। ਸਾਡੇ ਦੇਸ਼ ਵਿਚ ਨੌਕਰੀਆਂ ਕਿੱਥੇ ਨੇ? ਠੇਕੇ ਉਪਰ ਹਰ ਵਿਭਾਗ ਚੱਲ ਰਿਹਾ ਹੈ। ਸੇਵਾ ਮੁਕਤ ਅਧਿਕਾਰੀਆਂ ਨੂੰ ਦੁਬਾਰਾ ਨੌਕਰੀ 'ਤੇ ਰੱਖਿਆ ਜਾ ਰਿਹਾ ਹੈ। ਪੰਜਾਬ ਵਿਚ ਨਾ ਕਾਰਖਾਨੇ, ਨਾ ਨੌਕਰੀਆਂ। ਪੰਜਾਬ ਦਾ ਤਾਂ ਹੁਣ ਵੈਸੇ ਵੀ ਮਾੜਾ ਹਾਲ ਹੈ। ਰਿਸ਼ਵਤ, ਠੱਗੀ, ਬੇਈਮਾਨੀ। ਨੇਤਾ ਲੋਕਾਂ ਨੇ ਆਪਣੇ ਘਰ ਭਰ ਲਏ ਹਨ। ਪ੍ਰਸ਼ਾਸਨ ਵਿਚ ਮੋਰੀਆ ਹੀ ਮੋਰੀਆਂ ਹਨ। ਗੰਦੀ ਰਾਜਨੀਤੀ। ਨਸ਼ਿਆਂ ਨੇ ਬੁਰਾ ਹਾਲ ਕੀਤਾ ਪਿਆ ਏ ਨੌਜਵਾਨਾਂ ਦਾ ਆਦਿ ਕਈ ਉਲ੍ਹਾਮੇ ਦਿੰਦਾ ਹੋਇਆ ਆਪਣੇ ਬਾਪ ਨੂੰ ਮਜ਼ਬੂਰੀ ਦੀ ਦਲ-ਦਲ ਵਿਚ ਧਕਲੈ ਦਿੱਤਾ ਜਿੱਥੇ ਸ਼ਰਮਿੰਦਗੀ ਤੇ ਮਜ਼ਬੂਰੀ ਦੀ ਡੂੰਘੀ ਖਾਈ ਸੀ। ਰਾਜਿੰਦਰ ਦਾ ਬਾਪ ਵੀ ਸੋਚਦਾ ਕਿ ਮੁੰਡਾ ਕਹਿੰਦਾ ਤਾਂ ਸਹੀ ਹੈ ਪਰ ਏਨਾਂ ਪੈਸਾ ਕਿੱਥੋਂ ਲਿਆਵਾਂ? ਉਹ ਦਿਲ ਵਿਚ ਸੋਚ-ਸੋਚ ਕੇ ਉਦਾਸ ਜਿਹਾ ਹੋ ਜਾਂਦਾ।
ਬਾਰਡਰ ਏਰੀਏ ਦੇ ਬੱਚੇ ਭਾਵੇਂ ਪੜ੍ਹਨ ਵਿਚ ਹੁਸ਼ਿਆਰ ਘੱਟ ਹੁੰਦੇ ਹਨ ਪਰ ਚੁਸਤ-ਚਲਾਕ, ਸਿਹਤਮੰਦ, ਹਿੰਮਤੀ ਅਤੇ ਮਿਹਨਤੀ ਹੁੰਦੇ ਹਨ। ਮਿਲਣਸਾਰ, ਦੂਸਰਿਆਂ ਦੀ ਮਦਦ ਕਰਨ ਵਾਲੇ, ਅਣਖੀ, ਦੁੱਖ-ਸੁੱਖ ਵਿਚ ਖੇਚਲ ਨਾਲ ਸ਼ਰੀਕ ਹੋਣ ਵਾਲੇ।
ਰਾਜ ਸਿੰਘ ਦੇ ਲੜਕੇ ਨੇ ਵਿਦੇਸ਼ ਭੇਜਣ ਵਾਲੀ ਇਕ ਏਜੰਸੀ ਨਾਲ ਗੱਲਬਾਤ ਕਰ ਲਈ ਸੀ। ਕਿਉਂਕਿ ਉਸਦੇ ਨਾਲ ਦੇ ਸਾਰੇ ਲੜਕੇ ਇਸ ਏਜੰਸੀ ਰਾਹੀਂ ਹੀ ਵਿਦੇਸ਼ ਗਏ ਸੀ। ਵਿਦੇਸ਼ ਵਿਚ ਪੜ੍ਹਾਈ ਲਈ ਕਿੰਨਾ ਰੁਪਈਆ ਚਾਹੀਦਾ ਹੈ? ਕਿਹੜੀ ਕਿਹੜੀ ਸ਼ਰਤ ਪੂਰੀ ਕਰਨੀ ਹੈ ਸਭ ਦੀ ਜਾਣਕਾਰੀ ਲੈ ਲਈ ਸੀ।
ਰਾਜਿੰਦਰ ਨੇ ਆਪਣੇ ਬਾਪ ਨੂੰ ਕਿਹਾ ਸੀ ਕਿ ਲਗਭਗ 25 ਤੋਂ 35 ਲੱਖ ਰੁਪਏ ਦੀ ਜ਼ਰੂਰਤ ਹੋਵੇਗੀ।
ਪੁੱਤਰ ਦੀ ਜ਼ਿੱਦ ਤੇ ਮੋਹ ਕਰਕੇ ਉਸਦਾ

### ਕਹਾਣੀ
### ਮਸ਼ਵਿਰੇ ਦਾ ਆਸ਼ੀਰਵਾਦ

ਬਾਪ ਮੰਨ ਗਿਆ ਸੀ। ਰਾਜਿੰਦਰ ਦੀ ਮਾਂ ਨੇ ਵੀ ਜ਼ੋਰ ਦੇ ਕੇ ਕਿਹਾ ਸੀ ਕਿ ਸਾਰਾ ਇਲਾਕਾ ਬਾਹਰ ਜਾ ਰਿਹਾ ਹੈ, ਮੇਰਾ ਪੁੱਤ ਕਿਉਂ ਪਿੱਛੇ ਰਹੇ ਰਾਜ ਸਿੰਘ ਨੇ ਇਕ ਬੈਂਕ ਤੋਂ ਕਰਜ਼ਾ ਲੈਣ ਦਾ ਮੰਨ ਬਣਾ ਲਿਆ ਸੀ। ਬੈਂਕ ਦੇ ਲੋਨ ਅਧਿਕਾਰੀ ਨਾਲ ਗੱਲਬਾਤ ਚਲਦੀ ਪਈ ਸੀ। ਲੋਨ ਅਧਿਕਾਰੀ ਨੇ ਜ਼ਮੀਨ ਅਤੇ ਘਰ ਦੀ ਰਜਿਸਟਰੀ ਆਦਿ ਹੋਰ ਕਾਗਜ਼ਾਤ ਪੂਰੇ ਕਰਕੇ ਲਿਆਉਣ ਲਈ ਕਿਹਾ ਸੀ। ਬੈਂਕ ਅਧਿਕਾਰੀ ਉਨ੍ਹਾਂ ਨੂੰ ਦਿਨੋਂ ਦਿਨ ਟਰਕਾਈ ਜਾਂਦਾ ਸੀ। ਕੋਈ ਨਾ ਕੋਈ ਨਵੇਂ ਕਾਗਜ਼ਾਂ ਦੀ ਮੰਗ ਕਰ ਦਿੰਦਾ।
ਸਾਰੀ ਕਾਗਜ਼ੀ ਕਾਰਵਾਈ ਪੂਰੀ ਹੋਣ ਦੇ ਬਾਅਦ ਹੀ ਲੋਨ ਦਿੱਤਾ ਜਾ ਸਕਦਾ ਸੀ। ਕਾਫ਼ੀ ਨੱਠ ਭੱਜ ਤੋਂ ਬਾਅਦ ਉਹ ਹੁਣ ਪਿਓ-ਪੁੱਤਰ ਲੋਨ (ਕਰਜ਼ਾ) ਦੇ ਸਾਰੇ ਕਾਗਜ਼ਾਤ ਲੈ ਕੇ ਬੈਂਕ ਵਿਚ ਜਾ ਰਹੇ ਸੀ ਕਿ ਸ਼ਹਿਰ ਦੇ ਇਕ ਜਾਣੇ-ਪਹਿਚਾਣੇ ਪੱਤਰਕਾਰ ਲੇਖਕ ਅਤੇ ਸਮਾਜ ਸੇਵੀ ਨਾਲ ਉਨ੍ਹਾਂ ਦੀ ਮੁਲਾਕਾਤ ਹੋ ਗਈ। ਉਹ ਲੇਖਕ, ਰਾਜ ਸਿੰਘ ਦਾ ਦੋਸਤ ਵੀ ਸੀ। ਕਿਉਂਕਿ ਰਾਜ ਸਿੰਘ ਕਿਸਾਨ ਯੂਨੀਅਨ ਵਿਚ ਵੀ ਹੱਥ ਰੱਖਦਾ ਸੀ ਅਤੇ ਇਲਾਕੇ ਪੱਧਰ ਦੀ ਰਾਜਨੀਤੀ ਵਿਚ ਪੈਰ ਰੱਖਦਾ ਸੀ। ਜਿਸ ਕਰਕੇ ਪੱਤਰਕਾਰ ਨਾਲ ਉਸਦਾ ਵਾਹ ਪੈਂਦਾ ਰਹਿੰਦਾ ਸੀ।
ਉਸ ਲੇਖਕ ਨੇ ਰਾਜ ਸਿੰਘ ਨੂੰ ਪੁੱਛਿਆ ਕਿ ਤੁਸੀਂ ਕਿੱਥੇ ਜਾ ਰਹੇ ਹੋ? ਉਨ੍ਹਾਂ ਕਿਹਾ ਅਸੀਂ ਲੋਨ ਲੈਣ ਲਈ ਬੈਂਕ ਵਿਚ ਜਾ ਰਹੇ ਹਾਂ। ਰਾਜ ਸਿੰਘ ਨੇ ਕਿਹਾ ਕਿ ਰਾਜਿੰਦਰ ਬਾਹਰਲੇ ਮੁਲਕ ਵਿਚ ਪੜ੍ਹਾਈ ਕਰਨ ਲਈ ਜਾਣਾ ਚਾਹੁੰਦਾ ਹੈ। ਉਥੋਂ ਦੀ ਪੀ.ਆਰ. ਲੈਣਾ ਚਾਹੁੰਦਾ ਹੈ। ਏਜੰਟ ਨਾਲ ਗੱਲ ਕਰ ਲਈ ਹੈ। ਇਸਨੇ ਏਜੰਟ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰ ਲਈਆਂ ਹਨ। ਹੁਣ ਤਾਂ ਬਸ ਲੈਣ-ਦੇਣ ਹੀ ਬਾਕੀ ਹੈ। ਲੇਖਕ ਨੇ ਰਾਜ ਸਿੰਘ ਨੂੰ ਕਿਹਾ ਕਿ ਆਓ ਕਿਤੇ ਬੈਠ ਕੇ ਚਾਹ ਪਾਣੀ ਪੀਂਦੇ ਹਾਂ। ਉਹ ਇਕ ਦੁਕਾਨ 'ਤੇ ਚਾਹ ਪਾਣੀ ਪੀਣ ਲਈ ਬੈਠ ਗਏ। ਚਾਹ ਪਾਣੀ ਪੀਂਦੇ ਪੀਂਦੇ ਵਿਦੇਸ਼ ਜਾਣ ਦੀ ਗੱਲ ਛਿੜ ਪਈ। ਆਪਸ ਵਿਚ ਕਈ ਤਰ੍ਹਾਂ ਦੀਆਂ ਗੱਲਾਂ ਸਾਂਝੀਆਂ ਹੋਣ ਲੱਗੀਆਂ। "ਵਿਦੇਸ਼ ਵਿਚ ਬੜੀ ਮੌਜ਼ ਏ, ਨੌਕਰੀ ਆਸਾਨੀ ਨਾਲ ਮਿਲ ਜਾਂਦੀ ਏ, ਉਜਰਤ ਕੀਮਤ ਸਥਿਰ ਹੈ। ਉਥੇ ਸਭ ਨੂੰ ਬਰਾਬਰ ਸਮਝਿਆ ਜਾਂਦਾ ਹੈ। ਉਥੇ ਤਾਂ ਕੰਮ ਦੀ ਕਦਰ ਏ। ਉਥੋਂ ਦੀਆਂ ਸਰਕਾਰਾਂ ਨੇ ਹਰ ਤਰ੍ਹਾਂ ਦੀ ਸਹੂਲਤ ਆਪਣੇ ਨਾਗਰਿਕਾਂ ਨੂੰ ਦੇ ਰੱਖੀ ਹੈ। ਚੰਗੀ ਰਾਜਨੀਤੀ ਹੈ। ਮਾਹੌਲ ਵਧੀਆ ਹੈ। ਅਨੁਸ਼ਾਸਨ ਹੈ। ਵਧੀਆ ਮੌਸਮ, ਸਾਫ਼ ਸੁਥਰੇ ਸ਼ਹਿਰ। ਮਨੁੱਖ ਦੀ ਮਨੁੱਖ ਕਦਰ ਕਰਦਾ ਹੈ। ਅਨੇਕਾਂ ਸਹੂਲਤਾਂ ਨਾਲ ਨਿਵਾਜ਼ਿਆ ਹੈ ਮਨੁੱਖ ਨੂੰ ਉਥੇ। ਸਖ਼ਤ ਕਾਨੂੰਨ ਸੂਈ ਦੇ ਨੱਕੇ 'ਚੋਂ ਹੋ ਕੇ ਨਿਕਲਦਾ ਹੈ" ਆਦਿ ਗੱਲਾਂ ਚਲਦੀਆਂ ਰਹੀਆਂ। ਦੇਸ਼ ਦੀ ਗੰਦੀ ਸਿਆਸਤ ਬਾਰੇ, ਬੇਰੁਜ਼ਗਾਰੀ ਬਾਰੇ, ਜਾਤੀਵਾਦ ਬਾਰੇ, ਧਰਮਵਾਦ, ਨਸਲਵਾਦ ਆਦਿ ਕਈ ਗੱਲਾਂ ਚਲਦੀਆਂ ਰਹੀਆਂ। ਸਾਰੀਆਂ ਗੱਲਾਂ ਹੀ ਸਹੀ ਤੇ ਉਚਿਤ ਸਨ। ਉਸ ਲੇਖਕ ਨੇ ਰਾਜ ਸਿੰਘ ਦੇ ਪੁੱਤਰ ਰਾਜਿੰਦਰ ਸਿੰਘ ਨੂੰ ਬਲਪੂਰਵਕ ਅਤੇ ਸਮਝਦਾਰੀ ਦੀਆਂ ਕਈਂ ਉਦਾਹਰਣਾਂ ਦਿੱਤੀਆਂ। ਆਪਣੇ ਦੇਸ਼ ਪ੍ਰਤੀ, ਆਪਣੀ ਮਿੱਟੀ ਪ੍ਰਤੀ ਵਫ਼ਾਦਾਰ ਹੋਣਾ, ਈਮਾਨਦਾਰ ਹੋਣਾ, ਮਿਹਨਤੀ ਹੋਣਾ, ਸੱਚੇ-ਸੁਚੇ ਨੇਕ ਨੀਅਤ ਹੋਣਾ ਆਦਿ ਗੱਲਾਂ ਉਪਰ ਪ੍ਰਭਾਵਸ਼ਾਲੀ ਅਤੇ ਤਰਕਸ਼ੀਲ ਵਿਚਾਰ ਰੱਖੇ।
ਲੇਖਕ ਨੇ ਉਦਾਹਰਣਾਂ ਸਹਿਤ ਸਮਝਾਉਂਦੇ ਹੋਏ ਕਿਹਾ: ਪੁੱਤਰ, ਵਿਦੇਸ਼ਾਂ ਵਿਚ ਭੱਜਣ ਨਾਲ ਕੁਝ ਨਹੀਂ ਹੋਣਾ। ਦੇਸ਼ ਦੇ ਨਿਜ਼ਾਮ ਬਦਲਣ ਲਈ ਨੌਜਵਾਨ ਪੀੜੀ ਨੂੰ ਅੱਗੇ ਆਉਣਾ ਪਊ।

**ਬਲਵਿੰਦਰ ਬਾਲਮ**

(ਬਾਕੀ ਅਗਲੇ ਹਫਤੇ)




## .ਗਜ਼ਲ

ਸੱਚੇ ਦਿਲ ਤੋਂ ਚੱਲੀਏ ਯਾਰੀ ਮੁਕਦੀ ਨਈਂ।
ਜੜ੍ਹ ਹੋਵੇ ਮਜ਼ਬੂਤ ਤਾਂ ਟਹਿਣੀਂ ਸੁਕਦੀ ਨਈਂ।
ਸਮਝ ਲਵੋ ਕਿ ਫੁੱਲਾਂ ਦੀ ਭਰਮਾਰ ਨਹੀਂ।

ਗੁਲਸ਼ਨ ਦੇ ਵਿਚ ਜੇਕਰ ਟਹਿਣੀਂ ਝੁਕਦੀ ਨਈਂ।
ਗ਼ਜ਼ਲ ਨਿਰੰਤਰਤਾ ਦੀ ਮੰਜ਼ਿਲ ਪਾ ਜਾਂਦੀ,
ਚਲਦੀ ਨਹਿਰ ਤਾਂ ਪੱਥਰਾਂ ਵਿਚ ਵੀ ਰੁਕਦੀ ਨਈਂ।
ਝੂਠੇ ਬੰਦੇ ਦੇ ਤਾਂ ਪੈਰ ਨਹੀਂ ਹੁੰਦੇ,
ਤੇਰੀ ਗੱਲ ਤਾਂ ਉਸ ਦੀ ਗੱਲ ਨਾਲ ਢੁਕਦੀ ਨਈਂ।
ਨਫ਼ਰਤ ਵਾਲਾ ਬੰਦਾ ਆਕੜ ਰਖਦਾ ਹੈ,
ਪੱਥਰ ਵਿਚ ਤਾਂ ਹਰਗਿਜ ਕਿੱਲੀ ਠੁਕਦੀ ਨਈਂ।
ਬਾਲਮ ਦਿਲ ਦਾ ਸਾਫ਼ ਰਿਹਾ ਹੈ ਬਚਪਨ ਤੋਂ,
ਨਜ਼ਰਾਂ ਅੱਗੇ ਨਜ਼ਰ ਕਦੀ ਵੀ ਝੁਕਦੀ ਨਈਂ।

**ਬਲਵਿੰਦਰ ਬਾਲਮ**
**ਗੁਰਦਾਸਪੁਰ**
**98156-25409**

## ਕਵਿਤਾ
### ਸਿਰੜੀ ਔਰਤਾਂ



ਸੌ ਆਦਮੀ ਮਿਲ ਕੇ ਬਣਾਉਂਦੇ ਨੇ ਛਾਉਣੀ
ਪਰ ਘਰ ਬਣਾਉਣ ਲਈ
ਇੱਕ ਔਰਤ ਦੀ ਹੁੰਦੀ ਹੈ ਲੋੜ।
ਔਰਤ!

ਖੇਤਾਂ ਤੋਂ ਲੈ ਕੇ ਮੈਦਾਨੇ ਏ ਜੰਗ
ਆਈ ਹੈ ਜੂਝਦੀ।
ਮਾਈ ਭਾਗੋ ਵਰਗੀ ਜਰਨੈਲ
ਔਰਤ ਨੂੰ ਹੈ ਮਾਣ ਪ੍ਰਾਪਤ
ਪਹਿਲੀ ਜਰਨੈਲ ਔਰਤ ਦਾ।
ਮਾਈ ਭਾਗੋ ਨਾ ਹੁੰਦੀ
ਤਾਂ ਕਿਵੇਂ ਜਾਂਦੀ ਟੁੱਟੀ ਤੋਂ ਗੰਢੀ?
ਔਰਤ ਨੂੰ ਅਬਲਾ ਸਮਝਣ ਵਾਲੇ
ਇਤਿਹਾਸ ਤੋਂ ਹਨ ਕੋਰੇ।
ਮਾਤਾ ਗੁਜਰੀ ਜੀ ਪਹਿਲੀ ਸ਼ਹੀਦ
ਜਿਸ ਨੇ ਠੰਡੇ ਬੁਰਜ ਵਿੱਚ
ਠੰਡੇ ਹੌਕੇ ਲੈਣ ਦੀ ਬਜਾਏ
ਛੱਡਿਆ ਨਹੀਂ ਪੱਲਾ ਸਿਦਕ
ਤੇ ਸਿਰੜ ਦਾਦੀ ਦਾ
ਦਲੇਰੀ ਤੇ ਸੂਝ ਸਿਆਣਪ ਦਾ।
ਮਾਤਾ ਸੁੰਦਰੀ ਜੀ ਨੇ
ਜੀਵਨ ਵਿੱਚ
ਕੀਤੀ ਔਖੀ ਘੜੀ ਵਿੱਚ
ਸਿੱਖ ਕੌਮ ਦੀ ਅਗਵਾਈ।
ਇਸ ਲਈ
ਬਾਬੇ ਨਾਨਕ ਜੀ ਸੱਚ ਕਿਹਾ
÷ ਸੋ ਕਿਉਂ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ÷
ਸਿਰੜੀ ਔਰਤਾਂ ਨੂੰ ਸਦਾ ਸਲਾਮ।

**ਪ੍ਰਸ਼ੋਤਮ ਪੱਤੋ**
**98550-38775**

## ਪੰਜਾਬੀ ਕਵਿਤਾਵਾਂ
### ਅਜੋਕੇ ਤੇ ਪੁਰਾਣੇ ਸਮੇਂ ਦੀ ਤੁਲਨਾ

ਅੱਜ ਕੱਲ੍ਹ ਵਿਰਸਾ ਅਲੋਪ ਹੋਈ ਜਾਂਦਾ ਏ।
ਹਰ ਇਨਸਾਨ ਮਾਇਆ ਵਿੱਚ ਖੋਈ ਜਾਂਦਾ ਏ।।
ਭਾਵੇਂ ਹਰੀ ਚਿੱਟੀ ਕ੍ਰਾਂਤੀ ਨੇ ਪੰਜਾਬ ਫੇਰਾ ਪਾਇਆ ਏ,
ਪਰ ਪੁਰਖਿਆਂ ਦਾ ਸੁਪਨਾ ਤਾਂ ਵੀਰੋ ਰੋਈ ਜਾਂਦਾ ਏ।
ਅਗਾਂਹ ਵਧੂ ਆ ਗਿਆ ਜ਼ਮਾਨਾ ਸੱਭ
ਕਹਿੰਦੇ ਨੇ,
ਪਰ ਇਜ਼ਤਾਂ ਦੇ ਨਾਲ ਖਿਲਵਾੜ ਹੋਈ ਜਾਂਦਾ ਏ।
ਮਾਇਆ ਪਿੱਛੇ ਲੱਗ ਸੱਭ ਆਪਣਿਆਂ ਨੂੰ ਭੁੱਲ ਗਏ,
ਸੰਤੁਲਣ ਦਿਮਾਗ਼ ਦੇ ਨੂੰ ਹਰ ਖੋਈਹ ਜਾਂਦਾ ਏ।
ਇਹ ਕਿਹੋ ਜਿਹੀ ਤਰੱਕੀ ਸੱਭ ਸਮਝ ਤੋਂ ਬਾਹਰ ਹੈ,
ਹਰ ਬੰਦਾ ਗੱਲ ਤਾਂ ਇਹ ਲਕੋਈ ਜਾਂਦਾ ਏ।
ਮਾਇਆ ਦਾ ਪਸਾਰਾ ਬਾਈ ਜ਼ਿਆਦਾ ਹੋ ਗਿਆ,
ਵੇਖਿਆ ਹੈ ਅੱਖੀਂ ਉਂ ਤਾਂ ਹਰ ਰੋਈ ਜਾਂਦਾ ਏ।
ਇਹਦੇ ਨਾਲੋਂ ਪਹਿਲੇ ਸਮੇਂ ਕਈ ਗੁਣਾਂ ਚੰਗੇ ਸੀ,
ਸੋਚ ਸੋਚ ਪੁਰਾਣਾ ਕੋਈ ਬਾਪੂ ਮੋਈ ਜਾਂਦਾ ਏ।
ਸੱਚੀ ਗੱਲ ਲਿਖਣ ਦਾ ਵੀਰੋ ਕੋਈ ਗੁਨਾਹ ਨਾਂ,
ਅੱਖੀਂ ਜਿਹੜੀ ਵੇਖੀਏ ਓਹ ਲਿਖਣੀ ਤਾਂ ਪੈਂਦੀ ਏ।
ਦੱਦਾਹੂਰ ਵਾਲਾ ਬਿਆਨ ਕਰਦਾ ਸਚਾਈ ਰਹੂ,
ਸੱਚੀ ਗੱਲ ਲਿਖਣ ਦੀ ਤਾਂਘ ਓਹਨੂੰ ਰਹਿੰਦੀ ਏ।

**ਜਸਵੀਰ ਸ਼ਰਮਾਂ ਦੱਦਾਹੂਰ**

### ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ, ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ' ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।
ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com
ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜ਼ਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**








BRAMPTON
CASH & CARRY




Brampton CashandCarry2023@gmail.com

905-230-4800

100 Kennedy Road S., Brampton, ON L6W 3E7

ਰੋਜ਼ਾਨਾ

# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਨਟਾਰੀਓ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA

BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS



GRAND OPENING

BRAMPTON CASH AND CARRY

18 | 19 | 20
OCTOBER, 2024

OPEN EVERYDAY FROM
9:00 AM TO 9:00 PM

CONTACT
+1 (204) 560-7111
ADDRESS:-
1315 INKSTER BLVD, WINNIPEG MB

BRAMPTON CASH & CARRY
IMPORTER | WHOLESALER | RETAILER

AASHIRVAAD
AASHIRVAAD ATTA

Weight
20 Pond




Price
$12.99

BRAMPTON CASH & CARRY

I am Sorry !!!!!

BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800



AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA


MS INSURANCE
Secure your trust & life
RAJAT GUPTA
INSURANCE ADVISOR
416-427-8585
www.ms-insurance.ca
rajatgupta2299@gmail.com
Unit 27-90 Eastern Ave, Brampton, ON, L6W 1X9


INSURANCE BENEFITS
visa
SUPER VISA
VISITOR VISA
RESP, TFSA
MORTGAGE INSURANCE
TEHAL SINGH BRAR
LIVING BENEFITS ADVISOR
+(905)-782-2013
www.royalshieldgroup.com
tehalbrarcanada@gmail.com